# ਪੁਰਾਤਨ ਪੰਜਾਬ ਤੇ ਜੈਨ ਧਰਮ

ਪੰਜਾਬ ਦਾ ਪੁਰਾਤਨ ਨਾਉਂ ਸਪਤ ਸਿੰਧੂ ਜਾਂ ਆਰੀਆ ਵਰਤ ਹੈ। ਜੈਨ ਗ੍ਰੰਥਾਂ ਵਿਚ ਇਹ ਭਾਰਤ ਵਰਸ਼ ਦਾ ਹਿੱਸਾ ਸੀ। ਪੰਜਾਬ ਦੀ ਕਦੇ ਪੱਕੀ ਸਰਹੱਦ ਨਹੀਂ ਰਹੀ। ਇਹ ਇਲਾਕਾ ਭਾਰਤੀ ਇਤਿਹਾਸ ਦੀ ਰਾਜਨੈਤਿਕ ਹਲਚਲ ਦਾ ਪ੍ਰਮੁਖ ਹਿੱਸਾ ਰਿਹਾ ਹੈ। ਮਹਾਭਾਰਤ ਦੇ ਸਮੇਂ ਵਿਚ ਇਥ ਛੋਟੇ ਛੋਟੇ ਕਬੀਲੇ ਗਣਤੰਤਰ ਪ੍ਰਣਾਲੀ ਨਾਲ ਰਾਜ ਕਰਦੇ ਸੀ। ਜਿਸ ਵਿਚ ਪ੍ਰਸਿਧ ਕਬੀਲਾ ਅਗਰ ਸੀ। ਜਿਸ ਕਾਰਨ ਰਾਜਾ ਅਗਰ ਸੈਨ ਦੇ ਸਪੁਤਰ ਅਗਰਵਾਲ ਅਖਵਾਉਂਦੇ ਹਨ। ਜੋ ਹਿਸਾਰ ਜ਼ਿਲੇ ਤੋਂ ਸਾਰੇ ਭਾਰਤ ਵਿਚ ਫੈਲ ਚੁਕੇ ਹਨ।

ਪੁਰਾਤਨ ਪੰਜਾਬ ਵਿਚ ਉੱਤਰਾਪਥ ਦਾ ਕਰੀਬ ਸਾਰਾ ਹਿੱਸਾ ਮੰਨਿਆ ਜਾਂਦਾ ਹੈ। ਇਹ ਪੁਰਾਤਨ ਰਸਤਾ ਤਕਸ਼ਿਲਾ ਤੋਂ ਲੈਕੇ ਮਥੁਰਾ ਤਕ ਸੀ। ਪੰਜਾਬ ਕਿਸੇ ਬੋਲੀ ਤਕ ਹੀ ਨਹੀਂ, ਸਗੋਂ ਸਾਂਝੇ ਸਭਿਆਚਾਰ, ਸਾਂਝੀਆਂ ਰਸਮਾਂ ਦਾ ਨਾਂ ਹੈ। ਪੰਜਾਬ ਵਿਚ ਕਈ ਉਪ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਜਿਵੇਂ ਪੰਜਾਬੀ, ਪਹਾੜੀ, ਡੋਗਰੀ ਅਤੇ ਹਰਿਆਣਵੀ। ਪੰਜਾਬੀ ਵੀ ਕੋਈ ਇਕ ਭਾਸ਼ਾ ਨਹੀਂ, ਹਰ ਜ਼ਿਲੇ ਵਿਚ ਇਸ ਦਾ ਇਕ ਰੂਪ ਨਹੀਂ। ਇਸ ਭਾਸ਼ਾ ਵਿਚ ਕਈ ਭਾਸ਼ਾਵਾਂ ਦਾ ਸਾਂਝਾ ਭੰਡਾਰ ਹੈ। ਪੁਰਾਤਨ ਸਮੇਂ ਵਿਚ ਇਸ ਇਲਾਕੇ ਵਿਚ ਪ੍ਰਾਕ੍ਰਿਤ ਭਾਸ਼ਾ ਬੋਲੀ ਜਾਂਦੀ ਸੀ। ਜਿਸ ਦੀ ਲਿਪੀ ਬ੍ਰਾਹਮੀ ਖਰੋਸਟਰੀ ਸੀ। ਮੁਸਲਮਾਨਾਂ ਦੇ ਸਮੇਂ ਪੰਜਾਬੀ ਲਈ ਫ਼ਾਰਸੀ ਅਖਰਾਂ ਦਾ ਇਸਤੇਮਾਲ ਹੋਇਆ ਜੋ ਅਜ਼ਾਦੀ ਤੋਂ ਪਹਿਲਾਂ ਤਕ ਚਲਦਾ ਸੀ ਪਰ ਸਿਖ ਧਰਮ ਨੇ ਇਸ ਭਾਸ਼ਾ ਲਈ ਗੁਰੂਮੁਖੀ ਲਿਪੀ ਦੀ ਵਰਤੋਂ ਕੀਤੀ, ਜੋ ਅਜ਼ਾਦ ਭਾਰਤ ਵਿਚ ਪੰਜਾਬੀ ਲਈ ਮੰਨੀ ਗਈ ਹੈ। ਹੋਰ ਭਾਸ਼ਾਵਾਂ ਲਈ ਦੇਵਨਾਗਰੀ ਵਰਤੀ ਜਾਂਦੀ ਹੈ। ਪਾਕਿਸਤਾਨੀ ਪੰਜਾਬ ਵਿਚ ਹੁਣ ਵੀ ਫ਼ਾਰਸੀ ਲਿਪਿ ਵਿਚ ਪੰਜਾਬੀ ਬੋਲੀ ਲਿਖੀ ਜਾਂਦੀ ਹੈ। ਸੋ ਪੁਰਾਤਨ ਪੰਜਾਬ ਦੇ ਸ਼ਹਿਰਾਂ, ਦੇਸ਼ਾ ਅਤੇ ਨਦੀਆਂ ਦਾ ਜ਼ਿਕਰ ਹੋਰ ਭਾਰਤੀ ਗ੍ਰੰਥਾਂ ਦੀ ਤਰ੍ਹਾਂ ਜੈਨ ਗ੍ਰੰਥਾਂ ਵਿਚ ਵੀ ਮਿਲਦਾ ਹੈ। ਇਨ੍ਹਾਂ ਵਿਚ ਕੁਰੂ, ਜਾਂਗਲ, ਕੇਕਯ (ਸਿਆਲਕੋਟ) ਪੁਰੂ, ਸਿੰਧੂ, ਸੌਵਿਰ, ਕਸ਼ਮੀਰ, ਤਰਿਗਰਤ (ਜਾਲੰਧਰ ਦੇਸ਼ ਰਾਜਧਾਨੀ ਕਾਂਗੜਾ) ਹੀ ਪੁਰਾਤਨ ਪੰਜਾਬ ਦੇ ਹਿੱਸੇ ਰਹੇ ਹਨ। ਇਸ ਇਲਾਕੇ ਵਿਚ ਵਰਤਮਾਨ ਸਾਰਾ ਭਾਰਤੀ ਤੇ ਪਾਕਿਸਤਾਨੀ ਪੰਜਾਬ, ਸਿੰਧ ਦਾ ਕੁਝ ਹਿੱਸਾ, ਰਾਜਸਥਾਨ ਦਾ ਹਨੂਮਾਨ ਗੜ੍ਹ, ਹਿਮਾਚਲ ਪ੍ਰਦੇਸ਼, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼ ਦਾ ਮੇਰਠ ਜ਼ਿਲਾ ਆਉਂਦੇ ਹਨ। ਇਨ੍ਹਾਂ ਸਾਰਿਆਂ ਇਲਾਕਿਆਂ ਦਾ ਜੈਨ ਧਰਮ ਨਾਲ ਸੰਬੰਧ ਹੈ। ਜੈਨ ਧਰਮ ਦੇ 24 ਧਰਮਸੰਸਥਾਪਕ ਤੀਰਥੰਕਰਾਂ ਵਿਚੋਂ 20 ਦਾ ਜਨਮ ਸਥਾਨ, ਪ੍ਰਚਾਰ ਸਥਾਨ ਵਰਤਮਾਨ ਉੱਤਰ ਪ੍ਰਦੇਸ਼ ਦੇ ਕਈ ਜ਼ਿਲੇ ਹਨ। 16ਵੇਂ ਸ਼ਾਂਤੀ ਨਾਥ, 17ਵੇਂ ਕੁੰਥੂ ਨਾਥ, 18ਵੇਂ ਅਰਹ ਨਾਥ ਦਾ ਜਨਮ ਸਥਾਨ ਕੁਰੂ

ਦੇਸ਼ ਦੀ ਰਾਜਧਾਨੀ ਹਸਤਨਾਪੁਰ ਸੀ। ਜੈਨ ਇਤਿਹਾਸ ਵਿਚ ਹਸਤਨਾਪੁਰ ਬਹੁਤ ਬੜਾ ਤੀਰਥ ਮੰਨਿਆ ਗਿਆ ਹੈ। ਇਥੇ ਪਹਿਲੇ ਤੀਰਥੰਕਰ ਭਗਵਾਨ ਰਿਸ਼ਵਦੇਵ ਨੂੰ ਪਹਿਲਾ ਵਰਤ ਖੋਲਣ ਦਾ ਸੁਭਾਗ ਹਾਸਲ ਹੋਇਆ ਸੀ। ਇਸੇ ਰਿਸ਼ਵਦੇਵ ਦਾ ਛੋਟਾ ਪੁੱਤਰ ਗੰਧਾਰ ਦਾ ਰਾਜਾ ਬਾਹੂਬਲੀ ਸੀ। ਜਿਸ ਨੇ ਅਪਣੇ ਬੜੇ ਭਰਾ ਭਰਤ ਨਾਲ ਯੁਧ ਕੀਤਾ ਸੀ ਮੁਨੀ ਸੁਵਰਤ, ਭਗਵਾਨ ਪਾਰਸ਼ਵ ਨਾਥ ਅਤੇ 24ਵੇਂ ਭਗਵਾਨ ਮਹਾਵੀਰ ਨੇ ਧਰਮ ਪ੍ਰਚਾਰ ਕੀਤਾ। ਹਸਤਨਾਪੁਰ ਸਿੰਧ ਸੌਵਿਰ ਦੇ ਰਾਜੇ ਭਗਵਾਨ ਮਹਾਵੀਰ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋਕੇ ਸਾਧੂ ਬਣ ਗਏ ਸਨ। ਪੰਜਾਬ ਦੇ ਪੰਜ ਦਰਿਆਵਾਂ ਦੇ ਨਾਂ ਸਥਾਨਾਂਗ ਸੂਤਰ ਵਿਚ ਆਏ ਹਨ। ਪਰ ਸਿੰਧੂ, ਗੰਗਾ ਤੇ ਜਮੁਨਾ ਦਾ ਕੁਝ ਹਿੱਸਾ ਪੁਰਾਤਨ ਪੰਜਾਬ ਦਾ ਅੰਗ ਰਹੇ ਹਨ। ਭਗਵਤੀ ਸੂਤਰ, ਵਿਪਾਕ ਸੂਤਰ, ਆਵੱਸ਼ਕ ਚੂਰਨੀ ਤੇ ਆਵੱਸ਼ਕ ਨਿਰਯੁਕਤੀ ਗ੍ਰੰਥਾਂ ਵਿਚ ਭਗਵਾਨ ਮਹਾਵੀਰ ਦੇ ਇਸ ਵਿਸ਼ਾਲ ਖੇਤਰ ਵਿਚ ਤਪੱਸਿਆ ਅਤੇ ਧਰਮ ਪ੍ਰਚਾਰ ਕਰਨ ਦਾ ਜ਼ਿਕਰ ਹੈ। ਜੈਨ ਗ੍ਰੰਥਾਂ ਤੋਂ ਛੁੱਟ ਪ੍ਰਾਚੀਨ ਸ਼ਿਲਾਲੇਖ ਪਟਾਵਲੀਆਂ (ਕੁਰਸੀ ਨਾਮੇ) ਅਤੇ ਮੂਰਤੀਆਂ ਦੇ ਚਿੰਨ੍ਹ ਜੈਨ ਸਭਿਅਤਾ, ਕਲਾ ਤੇ ਸੰਸਕ੍ਰਿਤੀ ਦੇ ਜਿਊਂਦੇ ਜਾਗਦੇ ਚਿੰਨ ਹਨ। ਅਨੇਕਾਂ ਦੇਸ਼ੀ ਅਤੇ ਵਿਦੇਸ਼ੀ ਯਾਤਰੀਆਂ ਦੇ ਸਫਰਨਾਮਿਆਂ ਵਿਚ ਇਸ ਇਲਾਕੇ ਵਿਚ ਜੈਨ ਮੁਨੀਆਂ ਦੀ ਹੋਂਦ ਦਾ ਜ਼ਿਕਰ ਹੈ।

ਪੰਜਾਬ ਵਿਚ ਜੈਨ ਧਰਮ ਦੀ ਅਖੰਡ ਪਰੰਪਰਾ ਮੁਸਲਮਾਨਾਂ ਤੋਂ ਪਹਿਲਾਂ ਕਾਫ਼ੀ ਹੱਦ ਤਕ ਫੈਲ ਚੁਕੀ ਸੀ। ਇਸ ਸਮੇਂ ਦੌਰਾਨ ਚੰਦਰਗੁਪਤ ਮੌਰੀਆ, ਸਮਪ੍ਰਤਿ, ਕੁਮਾਰ-ਪਾਲ ਜੇਹੇ ਜੈਨ ਰਾਜੇ ਇਸ ਧਰਮ ਨੂੰ ਪੰਜਾਬ ਵਿਚ ਫੈਲਾ ਚੁਕੇ ਸਨ। ਮੁਸਲਮਾਨਾਂ ਦੇ ਹਮਲਿਆਂ ਨੇ ਸਮੁਚੇ ਪੰਜਾਬ ਦੀ ਸਭਿਅਤਾ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਸਮੇਂ ਦਾ ਚੱਕਰ ਅਜੇਹਾ ਸੀ ਕਿ ਜੈਨ ਮਨੀਆਂ ਅਤੇ ਯਤੀਆਂ ਨੇ ਅਪਣੀ ਵਿਦਿਅਕ ਯੋਗਤਾ ਅਤੇ ਤਪ ਤਿਆਗ ਰਾਹੀਂ ਮੁਸਲਮਾਨ ਬਾਦਸ਼ਾਹਾਂ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਜੋ ਕਿ ਉਨ੍ਹਾਂ ਵਲੋਂ ਜੈਨ ਮੁਨੀਆਂ ਨੂੰ ਸਤਿਕਾਰ ਵਜੋਂ ਦਿਤੇ ਫ਼ਰਮਾਨਾਂ ਅਤੇ ਪਦਵੀਆਂ ਤੋਂ ਜ਼ਾਹਿਰ ਹੈ।

ਔਰੰਗਜ਼ੇਬ ਦੇ ਸਮੇਂ ਨੂੰ ਛੱਡ ਕੇ ਪੰਜਾਬ ਵਿਚ ਜੈਨ ਧਰਮ ਕਾਫ਼ੀ ਚੰਗੀ ਸਥਿਤੀ ਵਿਚ ਰਿਹਾ। ਮੁਸਲਮਾਨ ਤੇ ਰਾਜਪੂਤ ਬਾਦਸ਼ਾਹਾਂ ਦੇ ਖਜ਼ਾਂਚੀ ਅਕਸਰ ਜੈਨ ਰਹੇ ਹਨ। ਜਿਨ੍ਹਾਂ ਦਿਲੀ ਦੇ ਤਖਤ ਨੂੰ ਪ੍ਰਭਾਵਿਤ ਕਰਕੇ ਜੈਨ ਤੀਰਥਾਂ ਦੀ ਤਰੱਕੀ ਲਈ ਅਪਣਾ ਅਸਰ ਰਸੂਖ਼ ਵਰਤਿਆ।

## ਪੁਸਤਕ ਲਿਖਣ ਦਾ ਉੱਦੇਸ਼

ਸਾਡਾ ਵਿਸ਼ਾ ਜੈਨ ਧਰਮ ਦਾ ਇਤਿਹਾਸ ਅਤੇ ਕਲਾ ਹੈ। ਕਾਫ਼ੀ ਸਮੇਂ ਤੋਂ ਸਾਨੂੰ ਇਹ ਕਮੀ ਭਾਸਦੀ ਸੀ ਕਿ ਜੈਨ ਧਰਮ ਦੇ ਸਾਰੇ ਫ਼ਿਰਕਿਆਂ ਨਾਲ ਸੰਬੰਧਿਤ ਇਤਹਾਸਕ ਸਾਮਗਰੀ ਦਾ ਸੰਗ੍ਰਹਿ ਕੀਤਾ ਜਾਵੇ। ਪਰ ਇਸ ਬਾਰੇ ਪੰਜਾਬੀ ਵਿਚ ਤਾਂ ਕੀ, ਕਿਸੇ ਹੋਰ ਭਾਰਤੀ

ਭਾਸ਼ਾ ਵਿਚ ਵੀ ਪੁਸਤਕ ਨਹੀਂ ਸੀ। ਸਾਨੂੰ ਉਦੋਂ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਅਸੀਂ ਯੂਨੀਵਰਸਟੀਆਂ ਦੇ ਵਿਦਵਾਨਾਂ ਵਲੋਂ ਛਾਪਿਆ ਪੰਜਾਬ ਦਾ ਇਤਿਹਾਸ ਵੇਖਿਆ। ਸਾਨੂੰ ਜਾਣ ਕੇ ਦੁਖ ਤੇ ਹੈਰਾਨੀ ਹੋਈ ਕਿ ਇਹ ਇਤਿਹਾਸ ਨਹੀਂ ਸਗੋਂ ਇਤਹਾਸ ਨਾਲ ਮਜ਼ਾਕ ਸੀ। ਚਾਲਾਕੀ ਨਾਲ ਬਿਨਾ ਕਿਸੇ ਪ੍ਰਮਾਨ ਤੋਂ ਬੁਧ ਦਾ ਜ਼ਿਕਰ ਇਨ੍ਹਾਂ ਇਤਿਹਾਸਾਂ ਵਿਚ ਮਿਲਦਾ ਹੈ। ਪਰ ਫੇਰ ਅਚਾਨਕ ਹੀ ਇਹ ਇਤਿਹਾਸਕਾਰ 8-9 ਸਦੀਆਂ ਅਗੋਂ ਆਕੇ ਸ਼ੇਖ਼ ਫ਼ਰੀਦ ਤੇ ਆ ਟਿਕਦੇ ਹਨ। ਫੇਰ ਮੁਗ਼ਲ, ਸਿਖ ਅੰਗਰੇਜ਼ ਇਤਿਹਾਸ ਸ਼ੁਰੂ ਹੋ ਜਾਂਦਾ ਹੈ। ਇਨ੍ਹਾਂ ਇਤਿਹਾਸਾਂ ਨੂੰ ਪੜ੍ਹ ਕੇ ਜਾਪਦਾ ਹੈ ਕਿ ਜੈਨ ਧਰਮ ਸ਼ਾਇਦ ਪੰਜਾਬ ਵਿਚ ਹੈ ਹੀ ਨਹੀਂ।

ਦਰ ਅਸਲ ਇਹ ਭਾਰਤੀ ਇਤਿਹਾਸਕਾਰਾਂ ਦੀ ਬਦਕਿਸਮਤੀ ਅਤੇ ਚਾਲਾਕੀ ਹੈ ਕਿ ਉਹ ਜੈਨ ਗ੍ਰੰਥਾਂ ਰਾਹੀਂ ਪੇਸ਼ ਕੀਤੇ ਪ੍ਰਮਾਣਾਂ ਨੂੰ ਸੱਚ ਨਹੀਂ ਮੰਨਦੇ। ਜੇ ਇਹੋ ਪ੍ਰਮਾਣਾਂ ਨੂੰ ਕੋਈ ਅੰਗਰੇਜ਼ ਸਾਹਿਬ ਸੱਚ ਆਖ ਦੇਵੇ ਤਾਂ ਇਹ ਠੀਕ ਮੰਨ ਲੈਣਗੇ। ਇਸ ਦਾ ਸਬੂਤ ਇਕ ਉਦਾਹਰਣ ਰਾਹੀਂ ਦਿੱਤਾ ਜਾ ਸਕਦਾ ਹੈ। ਜਰਮਨ ਵਿਦਵਾਨ ਡਾ: ਜੇਕੋਬੀ ਤੋਂ ਪਹਿਲਾਂ ਸਾਰੇ ਵਿਦਵਾਨ ਜੈਨ ਧਰਮ ਅਤੇ ਬੁਧ ਧਰਮ ਨੂੰ ਇਕ ਮੰਨਦੇ ਸਨ। ਮਹਾਵੀਰ ਤੇ ਬੁੱਧ ਨੂੰ ਇਕ ਆਖਦੇ ਸਨ। ਕੋਈ ਬੁੱਧ ਧਰਮ ਨੂੰ ਜੈਨ ਧਰਮ ਦੀ ਸ਼ਾਖਾ ਆਖਦਾ ਸੀ ਅਤੇ ਕੋਈ ਜੈਨ ਧਰਮ ਨੂੰ ਬੁੱਧ ਧਰਮ ਦੀ ਸ਼ਾਖਾ ਆਖਦਾ ਸੀ। ਪਰ ਡਾ: ਜੇਕੋਬੀ ਅਗੇ ਸਭ ਨੇ ਹਥਿਆਰ ਸੁੱਟ ਦਿਤੇ। ਸਾਡੇ ਵਿਦਵਾਨਾਂ ਨੂੰ ਬੁਧ ਧਰਮ ਨਾਲ ਜ਼ਰੂਰਤ ਤੋਂ ਜ਼ਿਆਦਾ ਲਗਾਵ ਹੈ ਭਾਵੇਂ ਉਨ੍ਹਾਂ ਨੂੰ ਕਿੰਨਾ ਵੱਡਾ ਝੂਠ ਬੋਲਨਾ ਪਵੇ। ਚੰਦਰ ਗੁਪਤ ਮੋਰੀਆ ਬਾਰੇ ਜੈਨ ਗ੍ਰੰਥ ਹੀ ਕੁਝ ਦੱਸਦੇ ਹਨ ਪਰ ਸਾਡੇ ਵਿਦਵਾਨ ਚੰਦਰ-ਗੁਪਤ ਨੂੰ ਜੈਨ ਸਮਝਣ ਤੋਂ ਇਨਕਾਰੀ ਹਨ। ਖਾਰਵੇਲ (2-BC) ਭਾਵੇਂ ਜੈਨ ਮੰਨਿਆ ਜਾਂਦਾ ਹੈ ਪਰ ਇਸ ਦਾ ਇਤਿਹਾਸ ਵਿਚ ਕਿਧਰੇ ਜ਼ਿਕਰ ਨਹੀਂ। ਰਾਜਾ ਕੁਮਾਰ ਪਾਲ, ਮੰਤਰੀ ਵਸਤੂ ਪਾਲ, ਤੇਜ ਪਾਲ, ਵਿਮਲ ਸ਼ਾਹ ਭਾਵੇਂ ਕਿੰਨੇ ਵੀ ਬਹਾਦਰ ਸਨ ਪਰ ਉਨ੍ਹਾਂ ਦਾ ਜ਼ਿਕਰ ਕਰਦੇ ਸਾਡੇ ਇਤਿਹਾਸਕਾਰ ਸ਼ਰਮਾਉਂਦੇ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਯੋਧਾ ਜੈਨ ਕਿਵੇਂ ਹੋ ਸਕਦਾ ਹੈ ? ਜੈਨੀ ਤਾਂ ਅਹਿੰਸਕ ਹੁੰਦੇ ਹਨ। ਅਹਿੰਸਕ ਇਨ੍ਹਾਂ ਇਤਿਹਾਸਕਾਰਾਂ ਦੀ ਭਾਸ਼ਾ ਵਿਚ ਕਾਇਰ ਹੈ ਸੋ ਜੈਨੀ ਰਾਜ ਕਰੇ ਇਹ ਅਸੰਭਵ ਹੈ। ਪਰ ਜੇ ਇਹੋ ਰਾਜੇ ਬੁਧ ਧਰਮ ਜਾਂ ਹਿੰਦੂ ਧਰਮ ਨਾਲ ਸੰਬੰਧਿਤ ਹੋਣ ਤਾਂ ਸਾਡੇ ਸਤਿਕਾਰ ਯੋਗ ਇਤਿਹਾਸਕਾਰ ਇਨ੍ਹਾਂ ਦਾ ਬੜੀ ਸ਼ਾਨ ਨਾਲ ਨਾਲ ਜ਼ਿਕਰ ਕਰਦੇ ਹਨ। ਇਸ ਸੰਬੰਧ ਵਿਚ ਮੋਰੀਆ ਰਾਜੇ ਬ੍ਰਹਦਰਥ ਅਤੇ ਪੁਸ਼ਪ ਮਿੱਤਰ ਦਾ ਵਰਨਣ ਮਸ਼ਹੂਰ ਹੈ। ਅਸ਼ੋਕ ਮਸ਼ਹੂਰ ਹੈ। ਪਰ ਪੁਸ਼ਪਮਿੱਤਰ (ਬ੍ਰਹਸਪਤਿਮਿੱਤ੍ਰ) ਦਾ ਖਤਮ ਕਰਨ ਵਾਲੇ ਮਹਾਨ ਜੇਤੂ ਜੈਨ ਰਾਜੇ ਖਾਰਵੇਲ ਦਾ ਜ਼ਿਕਰ ਨਹੀਂ ਕਰਦੇ। ਇਹ ਬੇ-ਇਨਸਾਫ਼ੀ ਚੋਲਾਕਿਆ ਕੁਮਾਰ-ਪਾਲ ਹੋਈ ਹੈ। ਜਿਸ ਨੇ ਭਾਰਤ ਦੇ ਮੁਸਲਮਾਨ ਦੇ ਪ੍ਰਵੇਸ਼ ਤੋਂ ਕੁਝ ਸਮਾਂ ਪਹਿਲਾਂ ਦੱਖਣ, ਪੱਛਮ ਅਤੇ ਕੁਝ ਉੱਤਰੀ ਭਾਰਤ ਨੂੰ ਜਿਤਿਆ ਸੀ।

ਪੁਰਾਤੱਤਵ ਵਿਭਾਗ ਦਾ ਇਹੋ ਹਾਲ ਹੈ। ਜ਼ਿਆਦਾ ਮੂਰਤੀਆਂ ਸ਼ਿਲਾਲੇਖ ਬੁਧ ਧਰਮ ਨਾਲ ਸੰਬੰਧਿਤ ਹਨ। ਗੁਪਤਾ ਨਾਲ ਸੰਬੰਧਿਤ ਹਨ। ਪੰਜਾਬ ਵਿਚ ਜੈਨ ਧਰਮ ਦੇ ਪ੍ਰਾਚੀਨ ਸੋਮਿਆਂ ਦੀ ਘਾਟ ਨਹੀਂ। ਸਾਡੇ ਵਿਦਵਾਨਾਂ ਨੂੰ ਮਥੁਰਾ ਦੇ ਜੈਨ ਸ਼ਿਲਾਲੇਖ ਅਤੇ ਖਾਰਵੇਲ ਦਾ ਸ਼ਿਲਾਲੇਖ ਜੈਨ ਇਤਿਹਾਸ ਤੇ ਕਾਫ਼ੀ ਚਾਨਣਾ ਪਾਵੇਗਾ। ਜੈਨ ਗ੍ਰੰਥਾਂ ਵਿਚ ਕਈ ਰਾਜਿਆਂ ਦੇ ਵਰਨਣ ਨਾਲ ਅਧੂਰਾ ਇਤਿਹਾਸ ਪੂਰਾ ਹੋਵੇਗਾ।

ਸਾਡੇ ਇਤਿਹਾਸਕਾਰ ਅੰਗਰੇਜ਼ ਸਾਹਿਬ ਰਾਹੀਂ ਲਿਖੀਆਂ ਗੱਲਾਂ ਨੂੰ ਜ਼ਿਆਦਾ ਪ੍ਰਮਾਣਿਤ ਮੰਨਦੇ ਹਨ। ਉਨ੍ਹਾਂ ਦੀ ਖੋਜ ਨੂੰ ਨਿਰਪੱਖ ਮੰਨਦੇ ਹਨ। ਵਿਦੇਸ਼ੀ ਵਿਦਵਾਨ ਦੀ ਖੋਜ ਨਿਰਪੱਖ ਤਾਂ ਮੰਨੀ ਜਾ ਸਕਦੀ ਹੈ ਪਰ ਅਗਿਆਨਤਾ ਕਾਰਣ ਖੋਜ ਅਧੂਰੀ ਵੀ ਰਹਿ ਸਕਦੀ ਹੈ ਇਹ ਉਹ ਨਹੀਂ ਮੰਨਦੇ। ਜੈਨ ਤੀਰਥੰਕਰਾਂ ਦੀ ਉਤਪੱਤੀ ਬਾਰੇ ਉਹ ਇਤਿਹਾਸਿਕ ਸਬੂਤ ਭਾਲਦੇ ਹਨ, ਪੁਰਾਤੱਤਵ ਦੇ ਚਿੰਨ੍ਹ ਭਾਲਦੇ ਹਨ, ਦੂਸਰੇ ਗ੍ਰੰਥਾਂ ਦੇ ਪ੍ਰਮਾਣ ਭਾਲਦੇ ਹਨ। ਕੀ ਜੈਨ ਸ਼ਾਸਤਰ ਦੇ ਪ੍ਰਮਾਣ ਕਾਫ਼ੀ ਨਹੀਂ ਹਨ ? ਜੇ ਜੈਨ ਤੀਰਥੰਕਰਾਂ ਲਈ ਜੈਨ ਸ਼ਾਸਤਰਾਂ ਦੇ ਪ੍ਰਮਾਣ ਅਧੂਰੇ ਹਨ, ਤਾਂ ਬੋਧ ਅਤੇ ਹਿੰਦੂ ਸੋਮਿਆਂ ਰਾਹੀਂ ਪ੍ਰਾਪਤ ਸਾਮਗਰੀ ਕਿਸ ਪ੍ਰਕਾਰ ਪੂਰੀ ਹੈ। ਸਾਡੇ ਇਤਿਹਾਸਕਾਰ ਹਿੰਦੂ ਇਤਿਹਾਸ ਲਈ ਪੁਰਾਣਾਂ ਦਾ ਸਹਾਰਾ ਲੈਂਦੇ ਹਨ ਜਿਨ੍ਹਾਂ ਦੀ ਰਚਨਾ ਦਾ ਸਮਾਂ ਜੈਨ ਅਤੇ ਬੁਧ ਗ੍ਰੰਥਾਂ ਤੋਂ ਬਾਅਦ ਦਾ ਹੈ। ਇਕ ਪੱਖੋਂ ਭਾਰਤ ਵਿਚ ਇਤਿਹਾਸਕਾਰਾਂ ਦੀ ਗੁਲਾਮੀ ਇੰਨੀ ਮਜ਼ਬੂਤ ਹੋ ਗਈ ਹੈ ਕਿ ਅੰਗਰੇਜ਼ ਸਾਹਿਬ ਦਾ ਭਾਰਤੀ ਚੇਲਾ, ਭਾਰਤੀ ਇਤਿਹਾਸਕਾਰਾ ਵਿਚ ਸਨਮਾਨ ਹਾਸਲ ਕਰਦਾ ਹੈ ਭਾਵੇਂ ਉਹ ਕਿੰਨਾ ਹੀ ਗਲਤ ਆਖਦਾ ਹੋਵੇ। ਅਜੇਹੇ ਭਾਰਤੀਆਂ ਦਾ ਅਪਣਾ ਅਧਿਐਨ ਕੁਝ ਨਹੀਂ ਹੁੰਦਾ, ਸਗੋਂ ਇਹ ਸਾਰੇ ਇਤਿਹਾਸਕਾਰ ਵਿਦੇਸ਼ੀਆਂ ਦੀ ਖੋਜ ਤੇ ਆਧਾਰਿਤ ਹਨ। ਇਹੋ ਕਾਰਨ ਹੈ ਕਿ ਬੁਧ ਅਤੇ ਮਹਾਵੀਰ ਨੂੰ ਇਕ ਮੰਨਣ ਵਾਲੇ ਵਿਦਵਾਨ ਹੁਣ ਪਾਰਸ਼ਵਨਾਥ ਨੂੰ ਵੀ ਇਤਿਹਾਸਿਕ ਮਹਾਪੁਰਸ਼ ਮੰਨਣ ਲਗ ਪਏ ਹਨ ਕਿਉਂਕਿ ਇਨ੍ਹਾਂ ਦੇ ਅੰਗਰੇਜ਼ ਗੁਰੂ ਅਜੇਹਾ ਆਖਦੇ ਹਨ। ਭਾਰਤੀ ਵਿਦਵਾਨਾਂ ਦੀ ਅਪਣੇ ਇਤਿਹਾਸ, ਸੰਸਕ੍ਰਿਤੀ, ਧਰਮ, ਕਲਾ ਪ੍ਰਤਿ ਵਿਵਹਾਰ ਮਹਾਨ ਘਾਤਕ ਹੈ। ਸਾਡਿਆਂ ਵਿਦਵਾਨਾਂ ਨੂੰ ਬੇਨਤੀ ਹੈ ਕਿ ਹਰ ਪਰੰਪਰਾ ਦੇ ਭਾਰਤੀ ਇਤਿਹਾਸ ਦਾ ਅਧਿਐਨ ਪਰੰਪਰਾਗਤ ਢੰਗ ਨਾਲ ਕਰਕੇ, ਆਪਸੀ ਵਿਚਾਰ ਨਾਲ ਕਿਸੇ ਸਿੱਟੇ ਤੇ ਪੁਜਨਾ ਚਾਹੀਦਾ ਹੈ। ਕਿਸੇ ਵੀ ਗੱਲ ਨੂੰ ਮਿਥਿਹਾਸਕ ਆਖਣਾ, ਅਪਣਾ ਹੀ ਮਜ਼ਾਕ ਕਰਨਾ ਹੈ। ਇਕੋ ਗ੍ਰੰਥ ਵਿਚ ਇਤਿਹਾਸ ਅਤੇ ਮਿਥਹਾਸ ਨਹੀਂ ਚਲਦੇ। ਸਾਡੇ ਅਜ਼ਾਦ ਦੇਸ਼ ਦੇ ਲੇਖਕ ਅਜੇ ਵੀ ਗੁਲਾਮ ਹਨ।

ਇਹ ਪੁਸਤਕ ਕੋਈ ਸੰਪੂਰਨ ਇਤਿਹਾਸ ਨਹੀਂ ਸਗੋਂ ਪੁਰਾਤਨ ਪੰਜਾਬ ਵਿਚ ਭਿੰਨ ਭਿੰਨ ਸੋਮਿਆਂ ਰਾਹੀਂ ਪ੍ਰਾਪਤ ਜੈਨ ਪਰੰਪਰਾ ਦਾ ਵਰਨਣ ਹੈ। ਸਾਰੀਆਂ ਪਰੰਪਰਾਵਾਂ ਦਾ ਇਤਿਹਾਸ ਪਰੰਪਰਾਗਤ ਢੰਗ ਨਾਲ ਦਿਤਾ ਗਿਆ ਹੈ।

**ਧਨਵਾਦ**

ਪਿਛੇ ਦਿਲੀ ਵਿਖੇ ਹੋਏ ਪੰਜਾਬੀ ਵਿਸ਼ਵ ਸਮੇਲਨ ਵਿਚ ਪੰਜਾਬ ਅਤੇ ਪੰਜਾਬੀਅਤ ਬਾਰੇ ਕਾਫ਼ੀ ਵਿਦਵਾਨਾਂ ਵਿਚ ਚਰਚਾ ਹੋਈ। ਕਿਸੇ ਨੇ ਵੀ ਜੈਨ ਪਰੰਪਰਾ ਦਾ ਜ਼ਿਕਰ ਨਾ ਕੀਤਾ। ਲੇਖਕਾਂ ਨੂੰ ਇਹ ਕਮੀ ਦੂਰ ਕਰਨ ਦੀ ਬਹੁਤ ਇਛਾ ਹੋਈ। ਅਸੀਂ ਅਪਣੀ ਗੁਰੁਣੀ ਜਿਨ ਸ਼ਾਸਨ ਪ੍ਰਭਾਵਿਕਾ ਸਾਧਵੀ ਰਤਨ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਦੀ ਪ੍ਰੇਰਣਾ, ਇਛਾ-ਪ੍ਰੇਰਣਾ ਅਤੇ ਆਸ਼ੀਰਵਾਦ ਨਾਲ ਇਹ ਕੰਮ ਸ਼ੁਰੂ ਕੀਤਾ। ਮਹਾਰਾਜ ਸ਼੍ਰੀ ਖੁਦ ਜੈਨ ਇਤਿਹਾਸ ਦੇ ਚੰਗੇ ਵਿਦਵਾਨ ਹਨ। ਪੰਜਾਬ ਦੇ ਅਨੇਕਾਂ ਹੱਥਲਿਖਤ ਭੰਡਾਰਾਂ ਦੀਆਂ ਸੂਚੀਆਂ ਆਪ ਨੇ ਤਿਆਰ ਕੀਤੀਆਂ ਹਨ। ਥੋੜੇ ਸਮੇਂ ਵਿਚ ਹੀ ਪੁਸਤਕ ਦੀ ਰੂਪ ਰੇਖਾ ਤਿਆਰ ਹੋ ਗਈ। ਪੁਸਤਕ ਪੂਰੀ ਕਰਨ ਵਿਚ ਹਜ਼ਾਰਾਂ ਮੁਸ਼ਕਿਲਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਦਾ ਪ੍ਰਮੁਖ ਕਾਰਣ ਜੈਨ ਸਾਮਗਰੀ ਦੀ ਅਣਹੋਂਦ ਹੈ। ਫੇਰ ਵੀ ਅਸੀਂ ਪੁਰਾਤੱਤਵ ਵਿਭਾਗ ਪੰਜਾਬ, ਹਰਿਆਣਾ, ਹਿਮਾਚਲ ਅਤੇ ਦਿੱਲੀ ਦੇ ਧਨਵਾਦੀ ਹਾਂ ਜਿਨ੍ਹਾਂ ਅਪਣੇ ਅਜਾਇਬ ਘਰਾਂ ਦੇ ਪੁਰਾਤੱਤਵ ਮੂਰਤੀਆਂ ਦੇ ਸਾਨੂੰ ਪ੍ਰਦਾਨ ਕੀਤੇ ਹਨ।

ਸਾਰੇ ਵਿਦਵਾਨ ਲੇਖਕਾਂ ਅਤੇ ਪ੍ਰਕਾਸ਼ਕਾਂ ਦੇ ਅਸੀਂ ਧਨਵਾਦੀ ਹਾਂ ਜਿਨ੍ਹਾਂ ਦੀਆਂ ਪੁਸਤਕਾਂ ਸਾਡੇ ਗ੍ਰੰਥ ਪ੍ਰਕਾਸ਼ਨ ਵਿਚ ਸਹਾਇਕ ਹੋਈਆਂ ਹਨ। ਪੁਸਤਕ ਲਈ ਸਵੇਤਾਂਬਰ ਸਾਮਗਰੀ ਕਾਫ਼ੀ ਪ੍ਰਾਪਤ ਹੋ ਗਈ। ਦਿਗੰਬਰ ਇਤਿਹਾਸ ਘੱਟ ਮਿਲਿਆ। ਸਾਨੂੰ ਦੁੱਖ ਹੈ ਕਿ ਅਸੀਂ ਦਿਗੰਬਰ ਪਰੰਪਰਾ ਦਾ ਪੂਰਾ ਵਰਨਣ ਨਹੀਂ ਕਰ ਸਕੇ। ਸਭ ਤੋਂ ਜ਼ਿਆਦਾ ਅਸੀਂ ਧਨਵਾਦੀ ਹਾਂ ਪ੍ਰਸਿਧ ਪੰਜਾਬ ਦੇ ਇਤਿਹਾਸਕਾਰ, ਭਾਸ਼ਾ ਵਿਗਿਆਨੀ, ਪੁਰਾਤੱਤਵ ਦੇ ਮਾਹਿਰ, ਸ਼ਿਖ ਧਰਮ ਸਕਾਲਰ ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਜੀ, ਸ਼੍ਰੀ ਤਿਲਕਧਰ ਜੀ ਸ਼ਾਸਤਰੀ ਦੇ, ਜਿਨ੍ਹਾਂ ਅਪਣੇ ਬੁਢਾਪੇ ਵਿਚ ਸਾਨੂੰ ਹੱਲਾਸ਼ੇਰੀ ਹੀ ਨਹੀਂ, ਸਗੋਂ ਚੰਗੇ ਸੁਝਾਵ ਦਿਤੇ। ਅਪਣੇ ਕੀਮਤੀ ਸਮੇਂ ਵਿਚ ਮੁੱਢਲੀ ਜਾਣ ਪਛਾਣ ਹੇਠ ਅਪਣੇ ਕੀਮਤੀ ਵਿਚਾਰ ਦਿਤੇ। ਪੁਰਾਤਨ ਚਿਤਰਾਂ ਲਈ ਸ਼੍ਰੀ ਭੋਜ ਰਾਜ ਜੈਨ ਪਟਿਆਲਾ ਦੇ ਅਸੀਂ ਬਹੁਤ ਧਨਵਾਦੀ ਹਾਂ।

ਅੰਤ ਵਿਚ ਅਸੀਂ ਉਨ੍ਹਾਂ ਸਾਰੇ ਦਾਨੀ ਸੱਜਨਾਂ ਦੇ ਧਨਵਾਦੀ ਹਾਂ ਜਿਨ੍ਹਾਂ ਸਾਨੂੰ ਹਰ ਪ੍ਰਕਾਰ ਦਾ ਸਹਿਯੋਗ ਅਤੇ ਸਮਾਂ ਦੇ ਕੇ ਇਸ ਕੰਮ ਨੂੰ ਪੂਰਾ ਕਰਵਾਇਆ।

ਅਸੀਂ ਇਸ ਪੁਸਤਕ ਨੂੰ ਅਧੂਰੀ ਸਮਝਦੇ ਹਾਂ ਜੇ ਅਸੀਂ ਸ਼੍ਰੀ ਰਾਜ ਕੁਮਾਰ ਸ਼ਰਮਾ ਮੈਨੇਜਰ ਸ਼੍ਰੀ ਆਤਮ ਜੈਨ ਪ੍ਰਿੰਟਿੰਗ ਪ੍ਰੈਸ ਦਾ ਧਨਵਾਦ ਨਾ ਕਰੀਏ ਜਿਨ੍ਹਾਂ ਅਪਣੇ ਰੁਝਵਿਆਂ ਵਿਚੋਂ ਪਰੂਫ ਰੀਡਿੰਗ ਲਈ ਸਮਾ ਦਿਤਾ। ਸ਼੍ਰੀ ਆਤਮ ਜੈਨ ਪ੍ਰਿੰਟਿੰਗ ਪ੍ਰੈਸ ਦੇ ਸਾਰੇ ਸਟਾਫ਼ ਦੇ ਸਹਿਯੋਗ ਲਈ ਅਸੀਂ ਬੇਹਦ ਧਨਵਾਦੀ ਹਾਂ।

7. ਸ਼੍ਰੀ ਕਪਵੰਡਸਿਆ ਸੂਤਰ (ਅਪ੍ਰਕਾਸ਼ਿਤ)।
8. ਸ਼੍ਰੀ ਪੁਫੀਆ ਸੂਤਰ (ਅਪ੍ਰਕਾਸ਼ਿਤ)।
9. ਸ਼੍ਰੀ ਪੁਫ ਚੂਲੀਆ ਸੂਤਰ (ਅਪ੍ਰਕਾਸ਼ਿਤ)।
10. ਸ਼੍ਰੀ ਵਨਹੀ ਦਸ਼ਾਂਗ ਸੂਤਰ (ਅਪ੍ਰਕਾਸ਼ਿਤ)।
11. ਭਗਵਾਨ ਮਹਾਵੀਰ ਦੇ ਪੰਜ ਸਿਧਾਂਤ (ਲੇਖਕ ਸ਼੍ਰੀ ਗਿਆਨ ਮੁਨੀ ਜੀ ਅਪ੍ਰਕਾਸ਼ਿਤ)
12. ਸ਼੍ਰਮਣ ਸੂਤਰ (ਵਿਨੋਭਾ ਭਾਵੇ)
13. ਪੁਰਾਤਨ ਪੰਜਾਬ ਵਿਚ ਜੈਨ ਧਰਮ (ਪ੍ਰਕਾਸ਼ਿਤ)

ਉਪਰੋਕਤ 13 ਗ੍ਰੰਥਾਂ ਦਾ ਸ਼੍ਰੀ ਰਵਿੰਦਰ ਕੁਮਾਰ ਜੈਨ ਪੰਜਾਬੀ ਅਨੁਵਾਦ ਅਤੇ ਸ਼੍ਰੀ ਪੁਰਸ਼ੋਤਮ ਦਾਸ ਦੀ ਕਲਮ ਨੇ ਸੰਪਾਦਨ ਕੀਤਾ ਹੈ। ਇਨ੍ਹਾਂ ਨੂੰ ਛਪਵਾ ਕੇ ਆਮ ਲੋਕਾਂ ਤਕ ਪਹੁੰਚਾਇਆ ਹੈ।

ਇਨ੍ਹਾਂ ਦੋਵੇਂ ਧਰਮ ਭਰਾਵਾਂ ਦੇ ਵਿਚਾਰ, ਭਾਵ, ਕਲਪਨਾ ਪੇਸ਼ ਕਰਨ ਦੀ ਸ਼ੈਲੀ ਇਕੋ ਤਰ੍ਹਾਂ ਦੀ ਹੈ। ਇਸੇ ਕਾਰਨ ਇਨ੍ਹਾਂ ਦੋ ਦਿਲਾਂ ਦੀ ਇਕ ਕਲਮ ਨੇ ਹੇਠ ਲਿਖੇ ਸਾਹਿਤ ਦਾ ਨਿਰਮਾਣ ਕੀਤਾ ਹੈ।

(1) ਮੰਖਲੀ ਪੁੱਤਰ ਗੋਸ਼ਾਲਕ (ਹਿੰਦੀ)। (2) ਭਗਵਾਨ ਮਹਾਵੀਰ ਦੇ ਸਮੇਂ ਦੇ ਦੋ ਮਹਾਪੁਰਸ਼। (3) ਜੈਨ ਧਰਮ (4) ਭਾਰਤੀ ਸਾਹਿਤ ਵਿਚ ਭਗਵਾਨ ਮਹਾਵੀਰ। (5) ਭਗਵਾਨ ਮਹਾਵੀਰ ਦੇ ਚੋਣਵੇਂ ਉਪਦੇਸ਼। (6) ਜੈਨ ਸਾਹਿਤ ਤੇ ਸੰਸਕ੍ਰਿਤੀ ਦੀ ਸੰਖੇਪ ਰੂਪ ਰੇਖਾ। (7) ਨਵਕਾਰ ਮੰਤਰ ਦੀ ਵਿਆਖਿਆ (8) ਭਗਵਾਨ ਮਹਾਵੀਰ।

ਇਸ ਪ੍ਰਕਾਰ ਇਨ੍ਹਾਂ ਧਰਮ ਭਰਾਵਾਂ ਨੇ ਅਨੁਵਾਦ ਅਤੇ ਨਿੱਜੀ ਲਿਖਤਾਂ ਰਾਹੀਂ ਪੰਜਾਬੀ ਭਾਸ਼ਾ ਨੂੰ 20 ਗ੍ਰੰਥ ਦੇ ਕੇ ਪੰਜਾਬੀ ਭਾਸ਼ਾ ਦੇ ਵਿਰਸੇ ਨੂੰ ਭਰਪੂਰ ਬਨਾਇਆ ਹੈ ਅਤੇ ਨਾਲ-ਨਾਲ ਜੈਨ ਸੰਸਕ੍ਰਿਤੀ ਦੇ ਅਹਿੰਸਾ, ਪ੍ਰੇਮ, ਸੱਚ ਅਤੇ ਵਿਸ਼ਵ ਭਾਈ-ਚਾਰੇ ਦੇ ਸਿਧਾਂਤਾਂ ਨੂੰ ਆਮ ਲੋਕਾਂ ਤਕ ਪਹੁੰਚਾ ਕੇ ਜੈਨ ਸੰਸਕ੍ਰਿਤੀ ਦੀ ਮਹਾਨ ਸੇਵਾ ਕੀਤੀ ਹੈ।

## ਸਮਾਜਿਕ ਖੇਤਰ ਵਿਚ—

ਇਨ੍ਹਾਂ ਧਰਮ ਪ੍ਰਾਣ ਨੌਜਵਾਨਾਂ ਦੀ ਕਲਮ ਜਿਥੇ ਸਾਹਿਤ ਖੇਤਰ ਵਿਚ ਜਨਤਾ ਦੀ ਸੇਵਾ ਕਰਕੇ ਉਨ੍ਹਾ ਵਿਚ ਗਿਆਨ ਅਤੇ ਸ਼ੁਧ ਸੰਸਕਾਰ ਦਾ ਪ੍ਰਚਾਰ ਕਰ ਰਹੀ ਹੈ। ਉਥੇ ਇਨ੍ਹਾਂ ਦੀਆਂ ਸਮਾਜਿਕ ਖੇਤਰ ਵਿਚ ਕੀਤੀਆਂ ਸੇਵਾਵਾਂ ਅਭਿਨੰਦਨ ਯੋਗ ਹਨ, ਅਤੇ ਸਮਾਜ ਦੀ ਤਰੱਕੀ ਵਿਚ ਮਹੱਤਵ ਪੂਰਣ ਹਿਸੇ ਵਜੋਂ ਯੁਗਾਂ-ਯੁਗਾਂ ਤਕ ਯਾਦ ਰਹਿਨਗੀਆਂ, ਇਨ੍ਹਾਂ ਦੀ ਸਮਾਜ ਸੇਵਾ ਦੀ ਲਗਨ ਅਨੇਕ ਸੰਸਥਾਵਾਂ ਨੂੰ ਜਾਨ ਦੇ ਰਹੀ ਹੈ, ਤਰੱਕੀ ਵਿਚ ਸਹਾਇਕ ਸਿੱਧ ਹੋ ਰਹੀ ਹੈ ਅਤੇ ਨਾਲ ਹੀ ਅਪਣੇ ਕੰਮਾਂ ਲਈ ਮਸ਼ਹੂਰ ਹੈ। ਇਨ੍ਹਾਂ ਸੰਸਥਾਵਾਂ ਦੀ ਪ੍ਰੇਰਣਾ ਸ਼ਕਤੀ ਹਨ ਉੱਤਰ ਭਾਰਤ ਪ੍ਰਵਰਤਕ ਭੰਡਾਰੀ ਸ਼੍ਰੀ ਪਦਮ ਚੰਦਰ

ਜੀ ਮਹਾਰਾਜ ਅਤੇ ਜਿਨ ਸ਼ਾਸਨ ਪ੍ਰਭਾਵਿਕਾ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ।

1. ਪਚੀਸਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਸੰਯੋਜਿਕਾ ਸਮਿਤੀ ਪੰਜਾਬ ਸੰਸਥਾਪਕ।

2. ਜੈਨੋਲਿਜਕਲ ਰਿਸਰਚ ਕੌਂਸਲ (ਡਾਈਰੇਕਟਰ) ਸੰਸਥਾਪਕ।

3. ਮਹਾਵੀਰ ਇੰਟਰ ਨੈਸ਼ਨਲ (ਸੰਯੋਜਕ) ਮਾਲੇਰ ਕੋਟਲਾ।

4. ਅਚਾਰੀਆ ਸ੍ਰੀ ਆਤਮਾ ਰਾਮ ਜੈਨ ਭਾਸ਼ਨ ਮਾਲਾ (ਮੈਂਬਰ) ਪੰਜਾਬ ਯੂਨੀ-ਵਰਸਿਟੀ ਪਟਿਆਲਾ।

5. ਅੰਤਰਰਾਸ਼ਟਰੀ ਪ੍ਰਵਤਨੀ ਸ੍ਰੀ ਪਾਰਵਤੀ ਜੈਨ ਐਵਾਰਡ।

ਇਨ੍ਹਾਂ ਸੰਸਥਾਵਾਂ ਤੋਂ ਛੁਟ, ਇਹ ਅਜਿਹੀਆਂ ਸਾਹਿਤਕ ਅਤੇ ਸਮਾਜਿਕ ਸੰਸਥਾਵਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਹਿਯੋਗ ਦੇ ਰਹੇ ਹਨ।

1. 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਕਮੇਟੀ ਪੰਜਾਬ (ਮੈਂਬਰ)।

2. ਸ੍ਰੀ ਮਹਾਵੀਰ ਜੈਨ ਸੰਘ ਪੰਜਾਬ (ਪੁਰਸ਼ੋਤਮ ਦਾਸ ਉਪ ਪ੍ਰਧਾਨ, ਰਵਿੰਦਰ ਕੁਮਾਰ ਜੈਨ ਮੰਤਰੀ)।

3. ਵਿਸ਼ਵ ਧਰਮ ਸਮੇਲਨ (ਮੈਂਬਰ)।

4. ਇੰਟਰ ਨੈਸ਼ਨਲ ਮਹਾਵੀਰ ਜੈਨ ਮਿਸ਼ਨ ਨਿਊਯਾਰਕ (U.S.A.)।

5. ਵਿਸ਼ਵ ਪੰਜਾਬੀ ਲੇਖਕ ਸਮੇਲਨ।

## ਇਹ ਪੁਸਤਕ—

ਹੱਥਲੀ ਪੁਸਤਕ 'ਪੁਰਾਤਨ ਪੰਜਾਬ ਵਿਚ ਜੈਨ ਧਰਮ' ਇਨ੍ਹਾਂ ਧਰਮ ਭਰਾਵਾਂ ਦੀ ਖ਼ਾਸ ਰਚਨਾ ਹੈ। ਇਤਿਹਾਸਿਕ ਅਤੇ ਖੋਜ ਦਾ ਕੰਮ ਬਹੁਤ ਔਖਾ ਹੈ ਕਿਉਂਕਿ ਇਸ ਲਈ ਠੋਸ ਪ੍ਰਮਾਣਾਂ ਦੀ ਜ਼ਰੂਰਤ ਹੁੰਦੀ ਹੈ। ਦੋਹਾਂ ਲੇਖਕਾਂ ਨੇ ਪੁਰਾਤਨ ਗ੍ਰੰਥਾਂ ਅਤੇ ਹੋਰ ਠੋਸ ਅਧਾਰਾਂ, ਮਾਨਤਾਵਾਂ, ਪੁਰਾਤੱਤਵ, ਪਟਾਵਲੀਆਂ, ਮੁਸਲਮਾਨ ਬਾਦਸ਼ਾਹਾਂ ਦੇ ਹੁਕਮ-ਨਾਮੇ ਆਦਿ ਠੋਸ ਪ੍ਰਮਾਣਾ ਦੇ ਅਧਾਰ ਤੇ ਅਪਣੀ ਇਤਿਹਾਸਿਕ ਖੋਜ ਤੱਥਾਂ ਨਾਲ ਪੇਸ਼ ਕੀਤੀ ਹੈ। ਨਾਲ ਹੀ ਪੰਜਾਬ ਦੇ ਉਨ੍ਹਾਂ ਲੇਖਕਾਂ, ਕਵੀਆਂ ਦੇ ਨਾਂਵਾਂ ਦੀ ਜਾਣਕਾਰੀ ਦਿੱਤੀ ਹੈ ਜਿਨ੍ਹਾਂ ਪੁਰਾਤਨ ਪੰਜਾਬ ਦੀ ਧਰਤੀ ਤੇ ਜੈਨ ਧਰਮ ਦੇ ਸਿਧਾਂਤਾਂ ਦੇ ਫੂਲ ਖਿਲਾਰੇ ਹਨ। ਕੁਝ ਕ੍ਰਾਂਤੀਕਾਰੀ ਦੇਸ਼ ਭਗਤਾਂ ਦੀ ਜਾਣਕਾਰੀ ਵੀ ਦਿਤੀ ਗਈ ਹੈ ਜਿਨ੍ਹਾਂ ਸਵਤੰਤਰਤਾ ਸੰਗਰਾਮ ਵਿਚ ਹਿੱਸਾ ਪਾ ਕੇ ਦੇਸ਼ ਦੀ ਸੇਵਾ ਕੀਤੀ।

ਪੁਸਤਕ ਅਪਣੇ ਆਪ ਵਿਚ ਸੰਪੂਰਨ ਹੈ, ਇਹ ਤਾਂ ਮੈਂ ਨਹੀਂ ਆਖ ਸਕਦਾ ਪਰ ਇਹ ਗੱਲ ਦਾਅਵੇ ਨਾਲ ਆਖ ਸਕਦਾ ਹਾਂ ਕਿ ਦੋਵੇਂ ਲੇਖਕਾਂ ਦੀ ਪ੍ਰਤੀਭਾ ਨੇ ਇਤਹਾਸਕ

## ਭੂਲ ਸੁਧਾਰ ਖਿਮਾ ਯਾਚਨਾ

(ੳ) ਜਿਵੇਂ ਭਗਵਾਨ ਰਿਸ਼ਵਦੇਵ ਦੇ ਵਰਨਣ ਪੰਨਾ 3 ਸਮੇਂ ਕੁਰੂ ਦੇਸ਼ ਦੀ ਰਾਜਧਾਨੀ ਹਸਤਨਾਪੁਰ ਦੀ ਥਾਂ ਕੁਰੂਖੇਤਰ ਲਿਖੀ ਗਈ ਹੈ।

ਅ) ਭਗਵਾਨ ਸ਼ਾਂਤੀ ਨਾਥ ਜੀ ਦੀ ਮਾਤਾ ਦਾ ਵਿਪੁਰਾ ਰਾਜਾ ਵਿਸ਼ਵਸੈਨ ਦੀ ਥਾਂ ਇਸੇ ਪੰਨੇ ਤੇ

(ੲ) ਭਗਵਾਨ ਪਾਰਸ਼ ਨਾਥ ਦੇ ਮਾਤਾ ਪਿਤਾ ਦਾ ਨਾਂ ਗਲਤੀ ਨਾਲ ਛਪ ਗਿਆ ਸੀ। ਭਗਵਾਨ ਪਾਰਸ਼ਨਾਥ ਦੇ ਮਾਤਾ ਵਾਮਾ ਦੇਵੀ ਅਤੇ ਪਿਤਾ ਅਸ਼ਵਸੈਨ ਸਨ।

(ਸ) 11 ਗਣਧਰਾਂ ਦੇ ਨਾਂ ਦੀ ਥਾਂ 10 ਨਾਂ ਗ਼ਲਤੀ ਨਾਲ ਛਪ ਗਏ ਹਨ।

(ਹ) ਸ੍ਰੀ ਚੰਦਨ ਮੁਨੀ ਜੀ ਦੇ ਗੁਰੂ ਸ੍ਰੀ ਪੰਨਾ ਲਾਲ ਜੀ ਮਹਾਰਾਜ ਦਾ ਨਾਂ ਛਪਨਾ ਰਹਿ ਗਿਆ ਹੈ। ਇਸੇ ਪ੍ਰਕਾਰ ਅਚਾਰੀਆ ਰਤੀ ਰਾਮ ਜੀ ਮਹਾਰਾਜ ਦਾ ਨਾਂ ਗ਼ਲਤੀ ਨਾਲ ਸ੍ਰੀ ਰਾਮ ਲਾਲ ਛਪ ਗਿਆ ਹੈ। ਪਾਠਕ ਇਹ ਗ਼ਲਤੀਆਂ ਸੁਧਾਰ ਕੇ ਪੜ੍ਹਨ।

ਇਨ੍ਹਾਂ ਗ਼ਲਤੀਆਂ ਲਈ ਅਸੀਂ ਅਪਣੇ ਵਲੋਂ ਅਤੇ ਪ੍ਰੈਸ ਵਲੋਂ ਖਿਮਾ ਦੇ ਯਾਚਕ ਹਾਂ। ਭਵਿਖ ਵਿਚ ਇਨ੍ਹਾਂ ਗ਼ਲਤੀਆਂ ਦਾ ਸੁਧਾਰ ਕੀਤਾ ਜਾਵੇਗਾ।

ਇਸ ਪੁਸਤਕ ਵਿਚ ਜੈਨ ਏਕਤਾ ਦਾ ਧਿਆਨ ਰਖਿਆ ਗਿਆ ਹੈ। ਹਰ ਗੱਲ ਉਸ ਫ਼ਿਰਕੇ ਦੀ ਮਾਨਤਾ ਅਨੁਸਾਰ ਲਿਖੀ ਗਈ ਹੈ। ਫੇਰ ਵੀ ਜੇ ਗੱਲ ਨਾਲ ਕੋਈ ਫ਼ਿਰਕਾ ਸਹਿਮਤ ਨਾ ਹੋਵੇ ਤਾਂ ਉਨ੍ਹਾਂ ਦੇ ਸੁਝਾਵਾਂ ਦਾ ਅਸੀਂ ਆਦਰ ਕਰਾਂਗੇ।

ਜਿਨ ਸ਼ਾਸਨ ਪ੍ਰਭਾਵਿਕਾ ਸਾਧਵੀ ਰਤਨ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦੇ ਕਰ-ਕਮਲਾਂ ਵਿਚ ਪੁਸਤਕ ਸਮਰਪਿਤ ਕਰਦੇ ਹੋਏ ਖੁਸ਼ੀ ਮਹਿਸੂਸ ਕਰਦੇ ਹਾਂ ਅਤੇ ਅੱਗੋਂ ਲਈ ਇਹ ਆਸ਼ੀਰਵਾਦ ਚਾਹੁੰਦੇ ਹਾਂ ਕਿ ਦੇਵ, ਗੁਰੂ, ਧਰਮ ਅਤੇ ਜੈਨ ਏਕਤਾ ਲਈ ਅਸੀਂ ਕੁਝ ਕਰ ਸਕੀਏ। ਜੈਨ ਏਕਤਾ ਹੀ ਮਨੁੱਖੀ ਏਕਤਾ ਹੈ।

**ਸ਼ੁਭ ਚਿੰਤਕ**

ਰਵਿੰਦਰ ਕੁਮਾਰ ਜੈਨ

ਪੁਰਸ਼ੋਤਮ ਦਾਸ ਜੈਨ

ਮਹਾਵੀਰ ਭਵਨ
ਮਾਲੇਰ ਕੋਟਲਾ

# ਇੱਕ ਪ੍ਰਾਣ ਦੋ ਸ਼ਰੀਰ

## (ਕੁਝ ਲੇਖਕ ਬਾਰੇ)

ਅੱਜ ਤੋਂ 11 ਸਾਲ ਪਹਿਲਾਂ ਦੋ ਨੌ ਜਵਾਨਾਂ ਨੂੰ ਵੇਖਿਆ ਦੋ ਸ਼ਕਲਾਂ, ਇਕ ਅਕਲ, ਇਕ ਭਾਵ, ਇਕ ਸੁਭਾਵ, ਇਕ ਅਚਾਰ, ਇਕ ਵਿਚਾਰ। ਪਹਿਲਾ ਦੂਸਰੇ ਦੇ ਸਨਮਾਨ ਲਈ ਅਤੇ ਦੂਸਰਾ ਪਹਿਲੇ ਦੇ ਸਨਮਾਨ ਲਈ ਸਮਰਪਿਤ। ਦੋ ਹਸਤੀਆਂ ਦੀ ਇਕ ਰੂਪਤਾ। ਇਸ ਮਤਲਬ ਦੀ ਦੁਨੀਆ ਵਿਚ, ਅਜੇਹੀ ਏਕਤਾ, ਅਜੇਹੀ ਦੋਸਤੀ ਅਤੇ ਅਜੇਹੀ ਆਦਰਸ਼ ਜੀਵਨ ਦੀ ਪਹਿਲੀ ਝਲਕ ਪਾਕੇ ਮੈਂ ਹੈਰਾਣ ਹੋ ਗਿਆ। ਇਨ੍ਹਾਂ ਦੋਸਤਾਂ ਦੇ ਦੋ ਨਾਮ ਹਨ, ਕੰਮ ਇਕ ਹੈ। ਤਾਂ ਪਹਿਲਾਂ ਨਾਉਂ ਹੀ ਦੱਸ ਦੇਵਾਂ 'ਸ੍ਰੀ ਰਵਿੰਦਰ ਕੁਮਾਰ ਜੈਨ ਸ੍ਰੀ ਪੁਰਸ਼ੋਤਮ ਦਾਸ ਜੈਨ। ਦੋਹਾਂ ਨੂੰ ਧਰਮ ਭਰਾ ਆਖਣਾ ਹੀ ਠੀਕ ਜਾਪਦਾ ਹੈ।

### ਸ੍ਰੀ ਪੁਰਸ਼ੋਤਮ ਜੈਨ—

ਪੰਜਾਬ ਦਾ ਮਸ਼ਹੂਰ ਸ਼ਹਿਰ ਹੈ ਸੰਗਰੂਰ, ਇਸ ਤੋਂ ਥੋੜੀ ਹੀ ਦੂਰ ਤੇ ਇਕ ਕਸਬਾ ਹੈ ਧੂਰੀ। ਜੋ ਵਿਕਾਸ ਪੱਖੋਂ, ਹੁਣ ਖ਼ੁਸ਼ਹਾਲ ਨਗਰ ਦਾ ਰੂਪ ਲੈ ਰਿਹਾ ਹੈ। ਇਸੇ ਧੂਰੀ ਵਿਚ ਧਰਮ ਪ੍ਰਤਿ ਸਮਰਪਿਤ ਅਤੇ ਸ਼ਰਧਾਵਾਨ ਇਕ ਜੈਨ ਪਰਿਵਾਰ ਵਿਚ ਪ੍ਰਸਿਧ ਹਨ ਸ੍ਰੀ ਸਵਰੂਪ ਚੰਦ ਜੈਨ ਅਤੇ ਸ੍ਰੀਮਤੀ ਲਕਸ਼ਮੀ ਦੇਵੀ ਜੈਨ। ਜਿਨ੍ਹਾਂ ਨੂੰ 10 ਨਵੰਬਰ 1946 ਦੇ ਸ਼ੁਭ ਦਿਨ ਇਕ ਬਾਲਕ ਦੇ ਮਾਂ ਪਿਉ ਬਨਣ ਦਾ ਸ਼ੁਭ ਅਵਸਰ ਪ੍ਰਾਪਤ ਹੋਇਆ ਜਿਸ ਨੂੰ ਪਿਆਰਾ ਨਾਂ ਦਿਤਾ ਗਿਆ ਪੁਰਸ਼ੋਤਮ ਇਹੋ ਬਾਲਕ ਪਿਤਾ ਪੁਰਖੀ, ਧਰਮ ਸੰਸਕਾਰ ਨਾਲ ਸਿਖਿਆ ਦੇ ਖੇਤਰ ਵਿਚ ਵੀ ਤਰੱਕੀ ਕਰਦਾ ਗਿਆ ਅਤੇ ਇਸਨੇ ਸਨ 1968 ਵਿਚ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਤੋਂ ਬੀ. ਏ. ਦੀ ਡਿਗਰੀ ਹਾਸਲ ਕੀਤੀ। ਦਿਲ ਵਿਚ ਧਰਮ ਸੰਸਕਾਰ ਦੇ ਬੀਜੇ ਬੀਜਾਂ ਤੋਂ ਪ੍ਰੇਰਿਤ ਹੋ ਕੇ ਪੁਰਸ਼ੋਤਮ ਜੈਨ ਨੇ ਪੰਜਾਬੀ ਯੂਨੀਵਰਸਟੀ ਪਟਿਆਲਾ ਤੋਂ ਐਡੀਸ਼ਨਲ ਸਿਖਿਆ ਦੇ ਰੂਪ ਵਿਚ ਧਰਮ ਸਿਖਿਆ ਦੀ ਬੀ. ਏ. ਦੀ ਡਿਗਰੀ 1976 ਵਿਚ ਹਾਸਲ ਕੀਤੀ।

ਸ੍ਰੀ ਰਵਿੰਦਰ ਕੁਮਾਰ ਜੈਨ ਇਨ੍ਹਾਂ ਨੂੰ ਧਰਮ ਭਰਾ ਦੇ ਰੂਪ ਵਿਚ ਮਿਲ ਗਏ। ਠੀਕ ਉਸੇ ਪ੍ਰਕਾਰ, ਜਿਵੇਂ ਸ਼ਰੀਰ ਨੂੰ ਪ੍ਰਾਣ ਮਿਲ ਗਏ ਹੋਣ। ਦੋਹਾਂ ਦੀ ਧਰਮ ਪ੍ਰਕ੍ਰਿਤੀ ਦਾ ਵਹਾ, ਇਕ ਹੀ ਰਾਹ ਵੱਲ ਵਧਣ ਲੱਗੇ ਅਤੇ ਦੋਵੇਂ ਇਕ ਹੀ ਨਿਸ਼ਾਨੇ ਵਲ ਤਰੱਕੀ ਕਰਨ ਲੱਗੇ।

### ਸ੍ਰੀ ਰਵਿੰਦਰ ਕੁਮਾਰ ਜੈਨ—

ਮਾਲੇਰ ਕੋਟਲਾ ਕਦੇ ਪੰਜਾਬ ਦੀ ਇਕ ਮਸ਼ਹੂਰ ਮੁਸਲਿਮ ਰਿਆਸਤ ਰਹੀ ਹੈ। ਪਰ ਅਜ ਕਲ ਸੰਗਰੂਰ ਜ਼ਿਲੇ ਦਾ ਪ੍ਰਸਿਧ ਨਗਰ ਹੈ। ਇਹ ਸ਼ਹਿਰ ਜੈਨ ਸੰਸਕ੍ਰਿਤੀ ਦੇ



ਸ਼੍ਰੀ ਰਵਿੰਦਰ ਕੁਮਾਰ ਜੈਨ ਅਪਣੇ ਧਰਮ ਭਰਾ ਸ਼੍ਰੀ ਪੁਰਸ਼ੋਤਮ ਦਾਸ ਜੈਨ ਨੂੰ
ਜੈਨ ਸ਼ਾਸ਼ਤਰ ਭੇਟ ਕਰਦੇ ਹੋਏ ।

ਨੇ ਗੋਵਰਧਨ ਪਰਵਤ ਉਠਾਇਆ ਸੀ। ਉਸੇ ਤਰ੍ਹਾਂ ਇਨ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਪਚੀਸਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਸੰਯੋਜਿਕਾ ਸਮਿਤਿ ਪੰਜ਼ਾਬ ਦੀ ਸਥਾਪਨਾ ਹੋਈ। ਜਿਸ ਦੀ ਹੋਂਦ ਨੇ ਜੈਨ ਸਮਾਜ ਨੂੰ ਪ੍ਰੇਰਣਾ ਦਿਤੀ। ਜੈਨ ਜਗਤ ਦੀ ਅੱਖ ਖੁਲ ਗਈ। ਸ਼੍ਰੀ ਮਹਾਵੀਰ ਜੈਨ ਸੰਘ ਦੀ ਸਥਾਪਨਾ ਹੋਈ, ਮਹਾਵੀਰ ਫਾਉਂਡੇਸ਼ਨ ਦੀ ਨੀਂਹ ਰਖੀ ਗਈ, ਅਤੇ ਪੰਜਾਬ ਸਰਕਾਰ ਨੇ 25ਵੀਂ ਮਹਾਵੀਰ ਨਿਰਵਾਨ ਸ਼ਤਾਬਦੀ ਕਮੇਟੀ ਦੀ ਸਥਾਪਨਾ ਕਰਕੇ ਮਹਾਵੀਰ ਨਿਰਵਾਨ ਸ਼ਤਾਬਦੀ ਨੂੰ ਸੰਪੂਰਨਤਾ ਬਖਸ਼ੀ। ਇਹ ਇਕ ਪ੍ਰੇਰਿਕ ਸੰਸਥਾ ਹੈ।

ਇਨ੍ਹਾਂ ਧਰਮ ਭਰਾਵਾਂ ਨੂੰ ਜਿਥੇ ਧਰਮ ਪ੍ਰਤਿ ਵਿਸ਼ਵਾਸ ਹੈ, ਇਨ੍ਹਾਂ ਕੋਲ ਸਾਹਿਤਕ ਪ੍ਰਤਿਭਾ ਹੈ ਕੰਮ ਕਰਨ ਦੀ ਸ਼ਕਤੀ ਹੈ, ਉਤਸਾਹ ਹੈ, ਹੌਸਲਾ ਹੈ, ਉਥੇ ਨਾਂ ਦੀ ਭੁੱਖ ਬਿਲ-ਕੁਲ ਨਹੀਂ। ਨਿਮਰਤਾ ਅਤੇ ਸਰਲਤਾ ਰੂਪੀ ਦੋ ਭੈਣਾਂ, ਜਾਪਦਾ ਹੈ, ਇਨ੍ਹਾਂ ਦੀ ਅਪਣੇ ਆਪ ਸੇਵਾ ਕਰ ਰਹੀਆਂ ਹਨ।

ਕੋਈ ਕੁਝ ਵੀ ਆਖੇ, ਪਰ ਸਚਾਈ ਇਹੋ ਹੈ ਕਿ ਪੰਜਾਬੀ ਯੂਨੀਵਰਸਟੀ ਵਿਚ ਮਹਾਵੀਰ ਜੈਨ ਚੇਅਰ ਦੀ ਸਥਾਪਨਾ ਦਾ ਸੇਹਰਾ ਇਨ੍ਹਾਂ ਧਰਮ ਭਰਾਵਾਂ ਨੂੰ ਜ਼ਾਂਦਾ ਹੈ। ਚੇਅਰ ਦੇ ਨੀਂਹ ਪੱਥਰ ਦੇ ਉਪਰ ਖੁਦੇ ਨਾਂ ਨੂੰ ਕੋਈ ਮਿਟਾ ਨਹੀਂ ਸਕਦਾ।

ਮੇਰੀ ਹੁਣ ਤਕ ਦੀ ਜਾਣਕਾਰੀ ਦੇ ਅਨੁਸਾਰ ਜੈਨ ਸਾਹਿਤ ਨੂੰ ਪੰਜਾਬੀ ਵਿਚ ਪੇਸ਼ ਕਰਨ ਦਾ ਪੂਰਾ ਸੇਹਰਾ ਇਨ੍ਹਾਂ ਦੋ ਭਰਾਵਾਂ ਨੂੰ ਜਾਂਦਾ ਹੈ, ਹੁਣ ਤਕ ਇਨ੍ਹਾਂ ਰਾਹੀਂ ਲਿਖੇ ਗਏ ਜਾਂ ਅਨੁਵਾਦ ਕੀਤੇ, ਛਪੇ ਸਾਹਿਤ'ਚ, ਕੁਝ ਦੋਵੇਂ ਹੀ ਲੇਖਕ ਹਨ ਅਤੇ ਕੁਝ ਰਚਨਾਵਾਂ ਵਿਚ ਇਕ ਲੇਖਕ ਅਤੇ ਦੂਸਰਾ ਸੰਪਾਦਕ। ਹਰ ਹਾਲਤ ਵਿਚ ਸਾਰੀਆਂ ਰਚਨਾਵਾਂ ਵਿਚ ਦੋਵੇਂ ਹੀ ਲੇਖਕਾਂ ਦਾ ਪੂਰਾ ਸਹਿਯੋਗ ਰਿਹਾ ਹੈ। ਜਿਵੇਂ ਕਿ ਹੇਠ ਲਿਖੀ ਜਾਣਕਾਰੀ ਤੋਂ ਸਪਸ਼ਟ ਹੈ—

## ਸ਼੍ਰੀ ਰਵਿੰਦਰ ਕੁਮਾਰ ਜੈਨ ਰਾਹੀਂ ਅਨੁਵਾਦਿਤ ਅਤੇ ਸ਼੍ਰੀ ਪੁਰਸ਼ੋਤਮ ਜੈਨ ਰਾਹੀਂ ਸੰਪਾਦਿਤ ਸਾਹਿਤ :-

1. ਇਕ ਸਮਸਿਆ ਇਕ ਹਲ (ਲੇਖਕ ਸ਼੍ਰੀ ਹਰੀਸ਼ ਮੁਨੀ ਜੀ ਮਹਾਰਾਜ)
2. ਮਹਾਵੀਰ ਸਿਧਾਂਤ ਤੇ ਉਪਦੇਸ਼ (ਉਪਾਧਿਆਏ ਸ਼੍ਰੀ ਅਮਰ ਮੁਨੀ ਜੀ ਮਹਾਰਾਜ)।
3. ਸਵਰਨ ਸਵਾਧਿਆਏ ਮਾਲਾ (ਸੰਗ੍ਰਹਿ ਕਰਤਾ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ)।
4. ਸ਼੍ਰੀ ਉੱਤਰਾਧਿਐਨ ਸੂਤਰ।
5. ਸ਼੍ਰੀ ਉਪਾਸਕ ਦਸ਼ਾਂਗ ਸੂਤਰ।
6. ਸ਼੍ਰੀ ਨਿਰਯਾਵਲਿਕਾ ਸੂਤਰ (ਅਪ੍ਰਕਾਸ਼ਿਤ)

ਖੋਜ ਦੇ ਕੁਝ ਅਣਛੂਹੇ ਪਹਿਲੂਆਂ ਨੂੰ ਸਮਰਥਾ ਅਨੁਸਾਰ ਛੋਹਿਆ ਹੈ ਜਿਸ ਨਾਲ ਇਸ ਵਿਸ਼ੇ ਵਿਚ ਰੁਚੀ ਰੱਖਣ ਵਾਲੇ ਪਾਠਕਾਂ ਨੂੰ ਲਾਭ ਪੁਜੇਗਾ।

ਇਸ ਪੁਸਤਕ ਦੀ ਪ੍ਰੇਰਿਕਾ ਜਿਨ ਸ਼ਾਸਨ ਪ੍ਰਭਾਵਿਕਾ ਸਾਧਵੀ ਰਤਨ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਨੂੰ ਮੈਂ ਬੰਦਨਾ ਸਹਿਤ ਸਾਧੂਵਾਦ ਆਖਦਾ ਹਾਂ।

ਮੈਂ ਸੱਚੇ ਦਿਲੋਂ 'ਇਕ ਪ੍ਰਾਣ ਦੋ ਸ਼ਰੀਰ' ਰੂਪੀ ਇਨ੍ਹਾਂ ਦੋਹਾਂ ਭਰਾਵਾਂ ਦੀ ਸ਼ਰਧਾ, ਸਾਹਿਤ ਪ੍ਰਤਿਭਾ ਅਤੇ ਅਨੋਖੀ ਕਾਰਜ ਸ਼ਕਤੀ ਦੇ ਵਿਕਾਸ ਦੀ ਮੰਗਲ ਕਾਮਨਾ ਕਰਦਾ ਹਾਂ।

**—ਤਿਲਕ ਧਰ ਸ਼ਾਸਤਰੀ**

14 ਜੁਲਾਈ, 1986

ਸੰਪਾਦਕ ਆਤਮ ਰਸ਼ਮੀ (ਮਾਸਿਕ ਪਤ੍ਰਿਕਾ)

